# ਉਹਨਾਂ ਦੇ ਦਿਮਾਗਾਂ ਨੂੰ ਖੁਰਾਕ ਦਿਉ।

# ਉਹਨਾਂ ਦੇ ਸਕੂਲਾਂ ਨੂੰ ਪੈਸੇ ਦਿਉ।






**ਬੀ ਸੀ ਲਈ ਇਹ ਸਮਾਂ ਸਰਕਾਰੀ ਵਿਦਿਆ ਵਿੱਚ ਸਰਮਾਇਆ ਲਾਉਣ ਦਾ ਸਮਾਂ ਹੈ।**

**fundBCschools.ca**

BCTF100
Celebrating a century

# ਬੀ ਸੀ ਵਿੱਚ ਸਰਕਾਰੀ ਵਿਦਿਆ ਵਿੱਚ ਪੈਸੇ ਲਾਉਣੇ

## ਚੁਣੌਤੀਆਂ ਅਤੇ ਹੱਲ

## ਜ਼ਿਆਦਾ ਵਿਦਿਆਰਥੀ ਆ ਰਹੇ ਹਨ

**ਚੁਣੌਤੀ:** ਬੀ ਸੀ ਦੇ ਅੰਕੜੇ ਦਸਦੇ ਹਨ ਕਿ ਛੇ ਸਾਲਾਂ ਦੌਰਾਨ ਬੀ ਸੀ ਦੇ ਕਲਾਸਰੂਮਾਂ ਵਿੱਚ 28,200 ਹੋਰ ਵਿਦਿਆਰਥੀ ਆਉਣਗੇ।

**ਹੱਲ:** ਇਕ ਵਾਰ ਫਿਰ ਆਪਣੇ ਕਲਾਸਰੂਮਾਂ ਵਿੱਚ ਪੈਸਾ ਲਾਉ, ਤਾਂ ਕਿ ਬੀ ਸੀ ਦੇ ਬੱਚੇ ਛੋਟੀਆਂ ਜਮਾਤਾਂ ਵਿੱਚ ਉਹ ਧਿਆਨ ਲੈ ਸਕਣ ਜਿਸ ਦੇ ਉਹ ਹੱਕਦਾਰ ਹਨ।

## ਜ਼ਿਆਦਾ ਲੋੜਾਂ ਵਾਲੀਆਂ ਹੋਰ ਜਮਾਤਾਂ

**ਸਾਰੇ ਅਧਿਆਪਕ ਵਿਲੱਖਣ ਹੁਨਰਾਂ, ਚੁਣੌਤੀਆਂ ਅਤੇ ਲੋੜਾਂ ਵਾਲੇ ਕਈ ਤਰ੍ਹਾ ਦੇ ਵਿਦਿਆਰਥੀਆਂ ਨਾਲ ਕੰਮ ਕਰਦੇ ਹਨ।**

**ਚੁਣੌਤੀ:** ਬੀ ਸੀ ਵਿੱਚ 16,000 ਅਜਿਹੀਆਂ ਜਮਾਤਾਂ ਹਨ ਜਿਹਨਾਂ ਵਿੱਚ ਖਾਸ ਲੋੜਾਂ ਵਾਲੇ ਚਾਰ ਜਾਂ ਪੰਜ ਵਿਦਿਆਰਥੀ ਹਨ। ਇਹ ਕੁੱਲ ਜਮਾਤਾਂ ਦਾ ਚੌਥਾ ਹਿੱਸਾ ਹੈ। 4000 ਦੇ ਕਰੀਬ ਅਜਿਹੀਆਂ ਜਮਾਤਾਂ ਹਨ, ਜਿਹਨਾਂ ਵਿੱਚ ਖਾਸ ਲੋੜਾਂ ਵਾਲੇ 7 ਜਾਂ ਵੱਧ ਵਿਦਿਆਰਥੀ ਹਨ। ਜਮਾਤਾਂ ਵਿੱਚ ਵੱਖ ਵੱਖ ਤਰ੍ਹਾਂ ਦੇ ਵਿਦਿਆਰਥੀਆਂ ਦਾ ਹੋਣਾ ਚੰਗੀ ਗੱਲ ਹੈ ਪਰ ਲੋੜੀਂਦੀ ਸਹਾਇਤਾ ਤੋਂ ਬਿਨਾਂ ਵਿਦਿਆਰਥੀਆਂ ਨੂੰ ਨੁਕਸਾਨ ਹੁੰਦਾ ਹੈ।

**ਚੁਣੌਤੀ:** ਪਿਛਲੇ 15 ਸਾਲਾਂ ਵਿੱਚ ਬੀ ਸੀ ਨੇ ਸਪੈਸ਼ਲਿਸਟ ਟੀਚਰਾਂ ਦਾ ਤਕਰੀਬਨ ਚੌਥਾ ਹਿੱਸਾ ਗਵਾ ਲਿਆ ਹੈ:

- 22% ਈ ਐੱਲ ਐੱਲ (ਪਹਿਲਾਂ ਈ ਐੱਸ ਐੱਲ) ਟੀਚਰ
- 24% ਸਪੈਸ਼ਲ ਐਜੂਕੇਸ਼ਨ ਟੀਚਰ
- 37% ਟੀਚਰ ਲਾਇਬ੍ਰੇਰੀਅਨ

**ਹੱਲ:** ਅੱਜ ਹੋਰ ਸਪੈਸ਼ਲਿਸਟ ਟੀਚਰਾਂ ਨੂੰ ਰੱਖਣ ਅਤੇ ਇਹ ਯਕੀਨੀ ਬਣਾਉਣ ਦਾ ਸਮਾਂ ਹੈ ਕਿ ਉਹਨਾਂ ਕੋਲ ਉਹ ਸਾਧਨ ਹੋਣ ਜਿਹਨਾਂ ਦੀ ਉਨ੍ਹਾਂ ਨੂੰ ਲੋੜ ਹੈ। ਜਦੋਂ ਹਰ ਬੱਚੇ ਨੂੰ ਉਸ ਦੀ ਵਿਲੱਖਣ ਸ਼ਕਤੀ ਅਤੇ ਚੁਣੌਤੀਆਂ ਲਈ ਉਹ ਸਹਾਇਤਾ ਮਿਲੇ ਜਿਸ ਦੀ ਉਸ ਨੂੰ ਲੋੜ ਹੈ ਅਤੇ ਜਿਸ ਦਾ ਉਹ ਹੱਕਦਾਰ ਹੈ, ਤਾਂ ਹਰ ਕਿਸੇ ਨੂੰ ਸਿੱਖਣ ਵਿੱਚ ਫਾਇਦਾ ਹੁੰਦਾ ਹੈ।



## ਸਕੂਲ ਜ਼ਿਲ੍ਹਿਆਂ ਦੇ ਫੰਡਾਂ 'ਤੇ ਠੋਸੀਆਂ ਗਈਆਂ ਕਟੌਤੀਆਂ

***ਚੁਣੌਤੀ:*** ਸਕੂਲ ਜ਼ਿਲ੍ਹਿਆਂ ਨੂੰ ਆਪਣੇ 2015-16 ਅਤੇ 2016-17 ਬੱਜਟਾਂ ਵਿੱਚ 54 ਮਿਲੀਅਨ ਡਾਲਰ ਦੀਆਂ "ਪ੍ਰਬੰਧਕੀ ਬੱਚਤਾਂ" ਲਈ ਮਜਬੂਰ ਕੀਤਾ ਗਿਆ। ਇਹਨਾਂ ਕਟੌਤੀਆਂ ਦਾ ਅਸਰ ਉਪਰੇਟਿੰਗ ਗ੍ਰਾਂਟ ਵਿੱਚ 0.3% ਦੀ ਕਮੀ ਹੈ।

ਜਮਾਤਾਂ ਵਿੱਚ ਵਾਧੇ, ਪ੍ਰੋਗਰਾਮਾਂ ਦੇ ਖਾਤਮੇ, ਵਿਦਿਅਕ ਸਹਾਇਕਾਂ ਲਈ ਘੱਟ ਘੰਟਿਆਂ ਅਤੇ ਲਾਇਬ੍ਰੇਰੀ ਅਤੇ ਹੋਰ ਸਹਾਇਕ ਸੇਵਾਵਾਂ ਵਿੱਚ ਕਮੀ ਰਾਹੀਂ ਇਹ ਕਟੌਤੀਆਂ ਵਿਦਿਆਰਥੀਆਂ 'ਤੇ ਸਿੱਧਾ ਅਸਰ ਪਾਉਂਦੀਆਂ ਹਨ। ਸਕੂਲਾਂ ਦੀ ਸਪਲਾਈ ਲਈ ਘੱਟ ਬੱਜਟਾਂ ਕਾਰਨ ਜ਼ਰੂਰੀ ਹੈ ਕਿ ਵਿਦਿਆਰਥੀ ਪੁਰਾਣੀਆਂ ਕਿਤਾਬਾਂ ਦੇ ਨਾਲ ਨਾਲ ਸਾਇੰਸ, ਸੂਖਮ ਕਲਾਵਾਂ ਅਤੇ ਖੇਡਾਂ ਨਾਲ ਸੰਬੰਧਤ ਮਿਆਰ ਤੋਂ ਨੀਵੇਂ ਸਾਜ਼-ਸਾਮਾਨ ਦੀ ਵਰਤੋਂ ਕਰਨ।

ਮਾਪੇ ਇਕ ਵਾਰ ਫਿਰ ਸਕੂਲ ਫੰਡਾਂ ਵਿੱਚ ਇਸ ਕਮੀ ਨੂੰ ਪੂਰਾ ਕਰਨ ਲਈ ਫੰਡ ਇਕੱਤਰ ਕਰਨ ਦਾ ਦਬਾਅ ਮਹਿਸੂਸ ਕਰ ਰਹੇ ਹਨ।

***ਹੱਲ:*** ਮਹਿੰਗਾਈ ਅਤੇ ਗਿਣਤੀ ਅਨੁਸਾਰ ਪ੍ਰਤੀ ਵਿਦਿਆਰਥੀ ਫੰਡਿੰਗ ਨੂੰ ਕਾਇਮ ਰੱਖਣ ਲਈ ਬੀ ਸੀ ਨੂੰ ਹਰ ਸਾਲ ਵਿਦਿਆ ਦੇ ਫੰਡਾਂ ਵਿੱਚ 2.7% ਦਾ ਵਾਧਾ ਕਰਨ ਦੀ ਲੋੜ ਹੈ। ਘੱਟੋ ਘੱਟ 1 ਬਿਲੀਅਨ ਡਾਲਰ ਦੇ ਬੱਜਟ ਸਰਪਲੱਸ ਅਤੇ ਰਿਜ਼ਰਵ ਦੇ ਹੁੰਦੇ ਹੋਏ ਸਰਕਾਰ ਸਰਕਾਰੀ ਸੇਵਾਵਾਂ ਦੇ ਫੰਡਾਂ ਵਿੱਚ ਵਾਧਾ ਕਰਨਾ ਸਹਿ ਸਕਦੀ ਹੈ।

## ਸਕੂਲਾਂ ਨੂੰ ਬੰਦ ਕਰਨਾ ਅਤੇ ਹੋਰ ਕਟੌਤੀਆਂ

***ਚੁਣੌਤੀ:*** ਪਿਛਲੇ 15 ਸਾਲਾਂ ਦੌਰਾਨ ਪਹਿਲਾਂ ਹੀ ਬੰਦ ਕੀਤੇ ਜਾ ਚੁੱਕੇ 240 ਸਕੂਲਾਂ ਤੋਂ ਬਾਅਦ ਵੀ, ਬੀ ਸੀ ਭਰ ਵਿੱਚ ਸਕੂਲ ਬੋਰਡ ਹੋਰ ਸਕੂਲ ਬੰਦ ਕਰਨ ਲਈ ਮਜ਼ਬੂਰ ਹੋ ਰਹੇ ਹਨ।

ਬੋਰਡ ਸਕੂਲ ਬੱਸਾਂ ਨੂੰ ਘਟਾਉਣ ਜਾਂ ਖਤਮ ਕਰਨ, ਆਵਾਜਾਈ ਦੀਆਂ ਹੋਰ ਫੀਸਾਂ ਲਾਉਣ, ਸਕੂਲਾਂ ਦੀ ਸਫਾਈ ਅਤੇ ਸੰਭਾਲ ਵਿੱਚ ਕਟੌਤੀ ਕਰਨ ਅਤੇ ਤਕਨੌਲੋਜੀ ਵਿੱਚ ਸੁਧਾਰ ਕਰਨ ਨੂੰ ਅੱਗੇ ਪਾਉਣ ਜਾਂ ਕੈਂਸਿਲ ਕਰਨ ਲਈ ਵੀ ਮਜ਼ਬੂਰ ਹੋ ਰਹੇ ਹਨ।

***ਹੱਲ:*** ਇਹ ਸਮਾਂ ਸਰਕਾਰ ਵਲੋਂ ਕਮਿਊਨਿਟੀਆਂ ਲਈ ਸਕੂਲਾਂ ਦੀ ਮਹੱਤਤਾ ਨੂੰ ਪਛਾਣਨ ਅਤੇ ਉਹਨਾਂ ਨੂੰ ਖੁੱਲ੍ਹੇ ਰੱਖਣ ਲਈ ਢੰਗ ਲੱਭਣ ਦਾ ਸਮਾਂ ਹੈ, ਖਾਸ ਕਰਕੇ ਹੁਣ ਜਦੋਂ ਸੂਬਾਈ ਪੱਧਰ 'ਤੇ ਦਾਖਲ ਹੋਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਵਿੱਚ ਵਾਧਾ ਹੋ ਰਿਹਾ ਹੈ। ਸਕੂਲ ਸਾਡੀਆਂ ਕਮਿਊਨਿਟੀਆਂ ਦੇ ਦਿਲ ਹਨ। ਉਹਨਾਂ ਨੂੰ ਬੰਦ ਕਰਨ ਨਾਲ ਪਰਿਵਾਰਾਂ 'ਤੇ ਤਣਾਅ ਵਧਦਾ ਹੈ ਅਤੇ ਸਥਾਨਕ ਆਰਥਿਕਤਾਵਾਂ ਨੂੰ ਨੁਕਸਾਨ ਪਹੁੰਚਦਾ ਹੈ।

# ਆਪਣੇ ਸਰਕਾਰੀ ਸਕੂਲਾਂ ਲਈ ਦੁਬਾਰਾ ਢੁਕਵੇਂ ਫੰਡ ਬਹਾਲ ਕਰਨ ਲਈ ਅਸੀਂ ਮਿਲ ਕੇ ਕਿਵੇਂ ਕੰਮ ਕਰ ਸਕਦੇ ਹਾਂ?

## ਆਪਣੀ ਕਮਿਊਨਿਟੀ ਵਿੱਚ ਦੂਸਰੇ ਲੋਕਾਂ ਨਾਲ ਆਪਣੇ ਬੱਚਿਆਂ ਦੇ ਭਵਿੱਖ ’ਤੇ ਅਸਰ ਪਾਉਣ ਵਾਲੇ ਅੱਗੇ ਦਿੱਤੇ ਮਸਲਿਆਂ ਵਰਗੇ ਮਸਲਿਆਂ ਬਾਰੇ ਗੱਲ ਕਰੋ:

- ਵੱਖ ਵੱਖ ਤਰ੍ਹਾਂ ਦੇ ਵਿਦਿਆਰਥੀਆਂ ਦੀਆਂ ਸਿੱਖਣ ਦੀਆਂ ਲੋੜਾਂ ਲਈ ਨਾਕਾਫੀ ਹਿਮਾਇਤ ਬਾਰੇ।
- ਭੂਚਾਲ ਸੰਬੰਧੀ ਸੁਧਾਰਾਂ, ਹਵਾ ਅਤੇ ਪਾਣੀ ਦੀ ਕੁਆਲਟੀ ਵਰਗੇ ਸਿਹਤ ਅਤੇ ਸੁਰੱਖਿਆ ਦੇ ਮਸਲਿਆਂ ਬਾਰੇ।
- ਸਕੂਲਾਂ ਨੂੰ ਪੱਕੇ ਤੌਰ ’ਤੇ ਬੰਦ ਕੀਤੇ ਜਾਣ ਬਾਰੇ, ਜਿਸ ਕਾਰਨ ਵਿਦਿਆਰਥੀਆਂ ਨੂੰ ਪੜ੍ਹਨ ਲਈ ਦੂਰ ਜਾਣਾ ਪੈਂਦਾ ਹੈ ਅਤੇ ਕਮਿਊਨਿਟੀਆਂ ਨੂੰ ਨੁਕਸਾਨ ਪਹੁੰਚਦਾ ਹੈ।
- ਸਪਲਾਈ, ਵਸੀਲਿਆਂ ਅਤੇ ਸਕੂਲਾਂ ਦੀ ਸੰਭਾਲ ਲਈ ਨਾਕਾਫੀ ਬੱਜਟਾਂ ਦੇ ਮਾੜੇ ਅਸਰਾਂ ਬਾਰੇ।

## ਜਾਣਕਾਰੀ ਲਵੋ:

- ਟੀਚਰਾਂ ਅਤੇ ਸਕੂਲ ਦੇ ਹੋਰ ਸਟਾਫ ਤੋਂ ਕਿ ਕਿਸ ਤਰ੍ਹਾਂ ਘੱਟ ਫੰਡਾਂ ਨੇ ਉਹਨਾਂ ਦੀਆਂ ਨੌਕਰੀਆਂ ਅਤੇ ਉਨ੍ਹਾਂ ਵਲੋਂ ਵਿਦਿਆਰਥੀਆਂ ਨੂੰ ਦਿੱਤੀ ਜਾ ਸਕਣ ਵਾਲੀ ਹਿਮਾਇਤ ’ਤੇ ਅਸਰ ਪਾਇਆ ਹੈ।
- ਕਿਸ ਤਰ੍ਹਾਂ ਮਾਪਿਆਂ ’ਤੇ ਫੰਡ ਇਕੱਤਰ ਕਰਨ ਲਈ ਦਬਾਅ ਵਧਿਆ ਹੈ ਅਤੇ ਕਿਸ ਤਰ੍ਹਾਂ ਇਹਨਾਂ ਪੈਸਿਆਂ ਨੂੰ ਘੱਟ ਫੰਡਾਂ ਕਾਰਨ ਪੈਦਾ ਹੋਈਆਂ ਥੁੜਾਂ ਨੂੰ ਪੂਰਾ ਕਰਨ ਲਈ ਵਰਤਣ ਵਿੱਚ ਵਾਧਾ ਹੋ ਰਿਹਾ ਹੈ।
- ਤੁਹਾਡੇ ਸਥਾਨਕ ਸਕੂਲ ਟਰੱਸਟੀ ਅਤੇ ਐੱਮ ਐੱਲ ਏ ਕਿਸ ਤਰ੍ਹਾਂ ਪਬਲਿਕ ਵਿਦਿਆ ਲਈ ਉਚਿਤ ਫੰਡ ਦੇਣ ਦਾ ਸਮਰਥਨ ਕਰ ਰਹੇ ਹਨ।
- ਆਪਣੀ ਕਮਿਊਨਿਟੀ ਵਿੱਚ ਪਹਿਲਾਂ ਹੀ ਕੰਮ ਕਰ ਰਹੇ ਅਜਿਹੇ ਗਰੁੱਪਾਂ ਬਾਰੇ ਜਿਹੜੇ ਸਕੂਲਾਂ ਲਈ ਹੋਰ ਫੰਡ ਲਿਆਉਣ ਲਈ ਕੰਮ ਕਰ ਰਹੇ ਹਨ ਜਾਂ ਉਹਨਾਂ ਲੋਕਾਂ ਬਾਰੇ ਜੋ ਤੁਹਾਡੇ ਨਾਲ ਮਿਲਕੇ ਨਵਾਂ ਗਰੁੱਪ ਬਣਾ ਸਕਦੇ ਹੋਣ।

## ਅੱਗੇ ਦਿੱਤੀਆਂ ਗੱਲਾਂ ਕਰਨ ਲਈ ਲਿਖੋ, ਫੋਨ ਕਰੋ ਅਤੇ ਸੋਸ਼ਲ ਮੀਡੀਆ ਵਰਤੋ:

- ਅਸਲੀ ਮੁੱਦਿਆਂ ਬਾਰੇ ਚੇਤਨਾ ਵਧਾਉਣ ਲਈ ਅਤੇ ਸਾਡੇ ਸਕੂਲਾਂ ਨੂੰ ਹੋਰ ਫੰਡਾਂ ਦੀ ਕਿਉਂ ਲੋੜ ਹੈ।
- ਇਹ ਮੰਗ ਕਰੋ ਕਿ ਸਰਕਾਰ ਸੱਚੀਂ ਹੀ ਬੱਚਿਆਂ ਦੀਆਂ ਲੋੜਾਂ ਨੂੰ ਪਹਿਲ ਦੇਵੇ ਅਤੇ ਸਾਡੇ ਸਰਕਾਰੀ ਵਿਦਿਅਕ ਪ੍ਰਬੰਧ ਨੂੰ ਮਜ਼ਬੂਤ ਰੱਖੇ।




**ਬੀ ਸੀ ਦੀ ਟੀਚਰਜ਼ ਫੈਡਰੇਸ਼ਨ ਵਲੋਂ ਇਕ ਸੁਨੇਹਾ**
**ਬੀ ਸੀ ਦੇ ਸਰਕਾਰੀ ਸਕੂਲਾਂ ਵਿੱਚ ਫੰਡਾਂ ਦੀ ਘਾਟ ਬਾਰੇ ਵਿਸਥਾਰ ਵਿੱਚ ਜਾਣਕਾਰੀ ਲੈਣ ਲਈ, ਕਿਰਪਾ ਕਰਕ *bctf.ca* ਅਤੇ *FundBCSchools.ca* ’ਤੇ ਜਾਉ।**

[Punjabi] April 2016 TFEU